# ਕੈਨੇਡਾ ਰਿਕਵਰੀ ਬੈਨੀਫਿਟ: ਆਮ ਪੁੱਛੇ ਜਾਣ ਵਾਲੇ ਪ੍ਰਸ਼ਨ

## ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਕੌਣ ਯੋਗ ਹੈ?

ਕੈਨੇਡਾ ਰਿਕਵਰੀ ਬੈਨੀਫਿਟ ਉਹਨਾਂ ਵਸਨੀਕਾਂ ਲਈ ਉਪਲਬਧ ਹੋਵੇਗਾ ਜੋ ਉਹਨਾਂ ਦੋ ਹਫਤਿਆਂ ਲਈ ਕੈਨੇਡਾ ਵਿੱਚ ਮੌਜੂਦ ਹਨ ਜਿਨ੍ਹਾਂ ਦੌਰਾਨ ਉਹ ਲਾਭ ਵਾਸਤੇ ਅਰਜ਼ੀ ਦੇ ਰਹੇ ਹਨ ਅਤੇ:

- ਜੋ ਇਸ ਮਿਆਦ ਦੇ ਪਹਿਲੇ ਦਿਨ ਘੱਟੋ-ਘੱਟ 15 ਸਾਲਾਂ ਦੀ ਉਮਰ ਦੇ ਸੀ;
- ਉਹਨਾਂ ਕੋਲ ਇੱਕ ਵੈਧ ਸੋਸ਼ਲ ਇੰਸ਼ਿਊਰੰਸ ਨੰਬਰ (SIN) ਹੈ;
- 2019, 2020 ਵਾਸਤੇ, ਜਾਂ ਉਸ ਦਿਨ ਤੋਂ ਪਹਿਲੇ 12-ਮਹੀਨਿਆਂ ਵਿੱਚ ਉਹਨਾਂ ਦੀ ਕੁੱਲ ਆਮਦਨ ਘੱਟੋ-ਘੱਟ $5,000 ਸੀ ਜਿਸ ਦਿਨ ਉਹ ਇਸ ਲਾਭ ਵਾਸਤੇ ਆਪਣੀ ਪਹਿਲੀ ਅਰਜ਼ੀ ਦਿੰਦੇ ਹਨ, ਅਤੇ ਇਹ ਆਮਦਨ ਹੇਠ ਲਿਖੇ ਇੱਕ ਜਾਂ ਵਧੇਰੇ ਸਰੋਤਾਂ ਤੋਂ ਸੀ:
  - ਰੁਜ਼ਗਾਰ ਆਮਦਨ;
  - ਸਵੈ-ਰੁਜ਼ਗਾਰ ਤੋਂ ਆਮਦਨ; ਜਾਂ
  - ਰੁਜ਼ਗਾਰ ਬੀਮੇ (EI) ਦੇ ਮਾਂ ਬਣਨ ਜਾਂ ਪਿਤਾ ਬਣਨ ’ਤੇ ਮਿਲਣ ਵਾਲੇ ਲਾਭ ਜਾਂ ਕਿਊਬੈੱਕ ਪੇਰੈਂਟਲ ਇੰਸ਼ਿਊਰੰਸ ਪਲਾਨ (QPIP) ਦੇ ਲਾਭ।
- ਉਹ ਉਸ ਮਿਆਦ ਲਈ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਜਿਸ ਵਾਸਤੇ ਉਹ ਅਰਜ਼ੀ ਦੇ ਰਹੇ ਹਨ:
  - COVID-19 ਨਾਲ ਸੰਬੰਧਿਤ ਕਾਰਨਾਂ ਕਰਕੇ ਕੰਮ ਕਰਨਾ ਬੰਦ ਕਰ ਦਿੱਤਾ ਸੀ; ਜਾਂ
  - COVID-19 ਨਾਲ ਸੰਬੰਧਿਤ ਕਾਰਨਾਂ ਕਰਕੇ ਉਹਨਾਂ ਦੀ ਰੁਜ਼ਗਾਰ ਆਮਦਨ ਜਾਂ ਸਵੈ-ਰੁਜ਼ਗਾਰ ਤੋਂ ਹੋਣ ਵਾਲੀ ਆਮਦਨ ਵਿੱਚ ਘੱਟੋ-ਘੱਟ 50% ਦੀ ਕਮੀ ਆਗਈ ਸੀ।

- ਉਹ ਉਸ ਮਿਆਦ ਦੌਰਾਨ ਕੰਮ ਦੀ ਤਲਾਸ਼ ਕਰ ਰਹੇ ਸਨ ਜਿਸ ਮਿਆਦ ਵਾਸਤੇ ਉਹ ਅਰਜ਼ੀ ਦੇ ਰਹੇ ਹਨ;
- 27 ਸਤੰਬਰ, 2020 ਨੂੰ ਜਾਂ ਇਸ ਦੇ ਬਾਅਦ, ਉਹਨਾਂ ਨੇ ਕੰਮ ਵਾਸਤੇ ਆਪਣੀ ਉਪਲਬਧਤਾ ਉੱਤੇ ਬੇਲੋੜੀਆਂ ਪਾਬੰਦੀਆਂ ਨਹੀਂ ਲਗਾਈਆਂ ਸੀ, ਜਦ ਤੱਕ ਕਿ ਅਜਿਹਾ ਕਰਨਾ ਵਾਜਬ ਨਾ ਹੋਵੇ;
- 27 ਸਤੰਬਰ, 2020 ਨੂੰ ਜਾਂ ਇਸਦੇ ਬਾਅਦ ਉਹਨਾਂ ਨੇ ਆਪਣਾ ਰੁਜ਼ਗਾਰ ਨਹੀਂ ਛੱਡਿਆ ਜਾਂ ਸਵੈ-ਇੱਛਾ ਨਾਲ ਕੰਮ ਕਰਨਾ ਬੰਦ ਨਹੀਂ ਕੀਤਾ;
- ਉਹ:
  - ਆਪਣੇ ਰੁਜ਼ਗਾਰ 'ਤੇ ਵਾਪਸ ਆਉਣਵਿੱਚ ਅਸਫਲ ਨਹੀਂ ਰਹੇ ਜਦ ਅਜਿਹਾ ਕਰਨਾ ਵਾਜਬ ਸੀ ਜੇਕਰ ਉਹਨਾਂ ਦੇ ਰੁਜ਼ਗਾਰਦਾਤਾ ਨੇ ਬੇਨਤੀ ਕੀਤੀ ਸੀ;
  - ਸਵੈ-ਰੁਜ਼ਗਾਰ ਦੁਬਾਰਾ ਸ਼ੁਰੂ ਕਰਨ ਵਿੱਚ ਅਸਫਲ ਨਹੀਂ ਰਹੇ ਜਦ ਅਜਿਹਾ ਕਰਨਾ ਵਾਜਬ ਸੀ; ਜਾਂ
  - ਉਹਨਾਂ ਨੇ ਕੰਮ ਕਰਨ ਦੀ ਕੋਈ ਵਾਜਬ ਪੇਸ਼ਕਸ਼ ਨਹੀਂ ਠੁਕਰਾਈ ਜੋ ਦੋ-ਹਫਤੇ ਦੀ ਮਿਆਦ ਦੌਰਾਨ ਸ਼ੁਰੂ ਹੋ ਗਈਹੁੰਦੀ।
- ਰੁਜ਼ਗਾਰ ਬੀਮੇ (EI) ਦੇ ਲਾਭਾਂ ਵਾਸਤੇ ਅਯੋਗ ਨਹੀਂ ਸਨ;
- ਉਹਨਾਂ ਨੇ ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ (CRCB), ਕੈਨੇਡਾ ਰਿਕਵਰੀ ਸਿਕਨੈੱਸ ਬੈਨੀਫਿਟ (CRSB), ਥੋੜ੍ਹੀ-ਮਿਆਦ ਦੀ ਅਪੰਗਤਾ ਦੇ ਲਾਭ, ਕਾਮਿਆਂ ਲਈਮੁਆਵਜ਼ੇ ਦੇ ਲਾਭ, ਕੋਈ ਰੁਜ਼ਗਾਰ ਬੀਮਾ (EI) ਲਾਭ, ਕਿਊਬੈੱਕ ਪੇਰੈਂਟਲ ਇੰਸ਼ਿਊਰੰਸ ਪਲਾਨ (QPIP) ਲਾਭ ਪ੍ਰਾਪਤ ਨਹੀਂ ਕੀਤੇ।

ਤੁਹਾਡੇ ਵਾਸਤੇ ਹਰ ਉਸ ਦੋ-ਹਫਤੇ ਦੀ ਮਿਆਦ ਦੇ ਬਾਅਦ ਅਰਜ਼ੀ ਦੇਣਾ ਲਾਜ਼ਮੀ ਹੈ ਜਿਸ ਵਾਸਤੇ ਤੁਸੀਂ ਆਮਦਨ ਸਹਾਇਤਾ ਦੀ ਮੰਗ ਕਰ ਰਹੇ ਹੋ ਅਤੇ ਤੁਹਾਨੂੰ ਤਸਦੀਕ ਕਰਨੀ ਚਾਹੀਦੀ ਹੈ ਕਿ ਤੁਸੀਂ ਲੋੜਾਂ ਦੀ ਪੂਰਤੀ ਕਰਨਾ ਜਾਰੀ ਰੱਖ ਰਹੇ ਹੋ।

ਲੋਕਾਂ ਨੂੰ ਕੰਮ ਕਰਨ ਲਈ ਉਤਸ਼ਾਹਤ ਕਰਨ ਵਾਸਤੇ, ਤੁਸੀਂ ਲਾਭ ਪ੍ਰਾਪਤ ਕਰਨ ਦੌਰਾਨ ਰੁਜ਼ਗਾਰ ਅਤੇ/ਜਾਂ ਸਵੈ-ਰੁਜ਼ਗਾਰ ਤੋਂ ਆਮਦਨ ਕਮਾ ਸਕਦੇ ਹੋ, ਜਦ ਤੱਕ ਕਿ ਤੁਸੀਂ ਹੋਰ ਲੋੜਾਂ ਦੀ ਪੂਰਤੀ ਕਰਨਾ ਜਾਰੀ ਰੱਖਦੇ ਹੋ।

ਹਾਲਾਂਕਿ, ਇਹ ਯਕੀਨੀ ਬਣਾਉਣ ਲਈ ਕਿ ਲਾਭ ਉਹਨਾਂ ਲੋਕਾਂ ’ਤੇ ਸੇਧਿਤ ਹੋਵੇ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ, ਤੁਹਾਨੂੰ $38,000 ਤੋਂ ਉੱਪਰ ਦੀ ਸਾਲਾਨਾ ਸ਼ੁੱਧ ਆਮਦਨ (ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਪ੍ਰਾਪਤ ਹੋਈ ਰਕਮ ਤੋਂ ਇਲਾਵਾ) ਤੋਂ ਵੱਧ ਕਮਾਈ ਕਿਸੇ ਵੀ ਸ਼ੁੱਧ ਆਮਦਨ ਦੇ ਹਰ ਡਾਲਰ ਵਾਸਤੇ ਲਾਭ ਦਾ $0.50 ਡਾਲਰ ਆਪਣੀ ਆਮਦਨ ਟੈਕਸ ਰਿਟਰਨ ਰਾਹੀਂ ਵਾਪਸ ਕਰਨ ਦੀ ਲੋੜ ਪਵੇਗੀ, ਇਹ ਰਕਮ ਵੱਧ ਤੋਂ ਵੱਧ ਕਿਸੇ ਇੱਕ ਕੈਲੰਡਰ ਸਾਲ ਵਿੱਚ ਤੁਹਾਨੂੰ ਪ੍ਰਾਪਤ ਹੋਏ ਕੁੱਲ ਕੈਨੇਡਾ ਰਿਕਵਰੀ ਬੈਨੀਫਿਟ ਤੱਕ ਜਾ ਸਕਦੀ ਹੈ। ਵਾਪਸ ਅਦਾ ਕੀਤੀਆਂ ਰਕਮਾਂ ਨੂੰ ਤੁਹਾਡੀ ਟੈਕਸਯੋਗ ਆਮਦਨ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

**ਜੇ ਮੈਂ ਨਾਗਰਿਕ ਜਾਂ ਪੱਕਾ ਵਸਨੀਕ ਨਹੀਂ ਹਾਂ ਤਾਂ ਕੀ ਮੈਂ ਫਿਰ ਵੀ ਰਿਕਵਰੀ ਬੈਨੀਫਿਟ ਪ੍ਰਾਪਤ ਕਰ ਸਕਦਾ/ਦੀ ਹਾਂ?**

ਹਾਂ, ਜਦ ਤੱਕ ਤੁਸੀਂ ਉਸ ਮਿਆਦ ਦੌਰਾਨ ਕੈਨੇਡਾ ਵਿੱਚ ਰਹਿ ਰਹੇ ਹੋ ਅਤੇ ਮੌਜੂਦ ਹੋ ਜਿਸ ਮਿਆਦ ਲਈ ਤੁਸੀਂ ਲਾਭਾਂ ਦਾ ਦਾਅਵਾ ਕਰ ਰਹੇ ਹੋ ਅਤੇ ਯੋਗਤਾ ਦੀਆਂ ਹੋਰ ਕਸੌਟੀਆਂ ਦੀ ਪੂਰਤੀ ਕਰਦੇ ਹੋ।

**ਮੈਂ ਰਿਕਵਰੀ ਬੈਨੀਫਿਟਸ ਤੱਕ ਪਹੁੰਚ ਕਦੋਂ ਕਰ ਸਕਦਾ/ਦੀ ਹਾਂ?**

CERB ਅਤੇ CESB ਦੀ ਤਰ੍ਹਾਂ ਨਾ ਹੋਕੇ, ਰਿਕਵਰੀ ਬੈਨੀਫਿਟ ਦੀਆਂ ਮਿਆਦਾਂ ਲੰਘ ਚੁੱਕੀ ਤਾਰੀਖ ਤੋਂ ਪ੍ਰਭਾਵੀ ਹੁੰਦੀਆਂ ਹਨ। ਇਸਦਾ ਮਤਲਬ ਇਹ ਹੈ ਕਿ ਬਿਨੈਕਾਰ ਕਿਸੇ ਰਿਕਵਰੀ ਬੈਨੀਫਿਟ ਵਾਸਤੇ ਕੇਵਲ ਓਦੋਂ ਅਰਜ਼ੀ ਦੇ ਸਕਦੇ ਹਨ ਜਦ ਉਹ ਮਿਆਦ ਸਮਾਪਤ ਹੋ ਜਾਂਦੀ ਹੈ ਜਿਸ ਵਾਸਤੇ ਉਹ

ਅਰਜ਼ੀ ਦੇ ਰਹੇ ਹਨ। ਇਸ ਤੋਂ ਇਲਾਵਾ, ਬਿਨੈਕਾਰਾਂ ਲਈ ਉਸ ਮਿਆਦ ਦੀ ਸਮਾਪਤੀ ਤੋਂ 60 ਦਿਨਾਂ ਦੇ ਅੰਦਰ ਅਰਜ਼ੀ ਦੇਣਾ ਲਾਜ਼ਮੀ ਹੈ ਜਿਸ ਮਿਆਦ ਵਾਸਤੇ ਉਹ ਅਰਜ਼ੀ ਦੇ ਰਹੇ ਹਨ।

CRA ਨੇ ਕੈਨੇਡਾ ਰਿਕਵਰੀ ਸਿਕਨੈੱਸ ਬੈਨੀਫਿਟ (CRSB) ਅਤੇ ਕੈਨੇਡਾ ਰਿਕਵਰੀ ਕੇਅਰਗਿਵਿੰਗ ਬੈਨੀਫਿਟ (CRCB) ਵਾਸਤੇ ਅਰਜ਼ੀ ਪ੍ਰਕਿਰਿਆ 5 ਅਕਤੂਬਰ, 2020 ਨੂੰ ਸ਼ੁਰੂ ਕੀਤੀ ਸੀ।

ਕੈਨੇਡਾ ਰਿਕਵਰੀ ਬੈਨੀਫਿਟ (CRB) ਵਾਸਤੇ ਅਰਜ਼ੀਆਂ ਨੂੰ 12 ਅਕਤੂਬਰ, 2020 ਤੋਂ ਸ਼ੁਰੂ ਕਰਕੇ ਸਵੀਕਾਰ ਕੀਤਾ ਜਾਵੇਗਾ।

**ਮੈਂ ਰਿਕਵਰੀ ਬੈਨੀਫਿਟਸ ਵਾਸਤੇ ਅਰਜ਼ੀ ਕਿਵੇਂ ਦੇਵਾਂ?**

ਕਿਸੇ ਵੀ ਰਿਕਵਰੀ ਬੈਨੀਫਿਟਸ ਵਾਸਤੇ ਅਰਜ਼ੀ ਦੇਣ ਦਾ ਸਭ ਤੋਂ ਵਧੀਆ ਤਰੀਕਾ ਔਨਲਾਈਨ, ਮੇਰਾ ਖਾਤਾ ਰਾਹੀਂ ਅਰਜ਼ੀ ਦੇਣਾ ਹੈ। ਹਾਲਾਂਕਿ, ਜਿਹੜੇ ਕੈਨੇਡੀਅਨਾਂ ਦੀ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ, ਉਹ CRA ਦੀਆਂ ਸਵੈਚਲਿਤ ਦੋ-ਭਾਸ਼ੀ ਟੌਲ-ਫ੍ਰੀ ਫ਼ੋਨ ਲਾਈਨਾਂ ਦੀ ਵਰਤੋਂ ਕਰਕੇ ਅਰਜ਼ੀ ਦੇ ਸਕਦੇ ਹਨ: 1-800-959-2019 ਜਾਂ 1-800-959-2041.

ਰਿਕਵਰੀ ਬੈਨੀਫਿਟਸ ਵਾਸਤੇ ਅਰਜ਼ੀ ਕਿਵੇਂ ਦੇਣੀ ਹੈ, ਇਸ ਬਾਰੇ ਹੋਰ ਜਾਣਕਾਰੀ ਲੈਣ ਲਈ ਨਵੇਂ ਲਾਭਾਂ ਵੱਲ ਪਰਿਵਰਤਨ ਕਰਨਾ' ਵੈੱਬ ਪੰਨਾ ਦੇਖੋ।

**ਕੀ 27 ਸਤੰਬਰ, 2020 ਅਤੇ 25 ਸਤੰਬਰ, 2021 ਵਿਚਕਾਰ ਮੈਂ ਇੱਕ ਤੋਂ ਵਧੇਰੇ ਰਿਕਵਰੀ ਬੈਨੀਫਿਟ ਲੈ ਸਕਦਾ/ਦੀ ਹਾਂ?**

ਹਾਂ, ਜਦ ਤੱਕ ਤੁਸੀਂ ਸੰਬੰਧਿਤ ਯੋਗਤਾ ਕਸੌਟੀਆਂ ਦੀ ਪੂਰਤੀ ਕਰਦੇ ਹੋ।

ਹਾਲਾਂਕਿ, ਤੁਸੀਂ ਇੱਕੋ ਮਿਆਦ ਵਾਸਤੇ ਇੱਕ ਤੋਂ ਵਧੇਰੇ ਰਿਕਵਰੀ ਬੈਨੀਫਿਟਸ ਦਾ ਦਾਅਵਾ ਨਹੀਂ ਕਰ ਸਕਦੇ।

ਹੋ ਸਕਦਾ ਤੁਹਾਨੂੰ ਤਾਂ ਵੀ ਰਿਕਵਰੀ ਬੈਨੀਫਿਟਸ ਨਾ ਮਿਲਣ ਜੇ ਤੁਸੀਂ ਰੁਜ਼ਗਾਰ ਬੀਮੇ ਦੇ ਲਾਭ, ਪ੍ਰਾਂਤ ਦੇ ਮਾਂ ਬਣਨ ਜਾਂ ਪਿਤਾ ਬਣਨ 'ਤੇ ਮਿਲਣ ਵਾਲੇ ਲਾਭ, ਜਾਂ ਉਸੇ ਮਿਆਦ ਵਾਸਤੇ ਕੋਈ ਹੋਰ ਤਨਖਾਹ-ਸਮੇਤ ਛੁੱਟੀ ਲੈ ਰਹੇ ਹੋ।

**ਕੀ ਮੈਂ ਰਿਕਵਰੀ ਬੈਨੀਫਿਟਸ ਪ੍ਰਾਪਤ ਕਰਦੇ ਸਮੇਂ ਕਿਸੇ ਵੀ EI ਲਾਭਾਂ ਤੱਕ ਪਹੁੰਚ ਕਰ ਸਕਦਾ/ਦੀ ਹਾਂ?**

ਨਹੀਂ।

ਤੁਸੀਂ ਉਸੇ ਵਕਤ ਰਿਕਵਰੀ ਬੈਨੀਫਿਟਸ ਨਹੀਂ ਲੈ ਸਕਦੇ ਜੇ ਤੁਸੀਂ ਕਿਸੇ ਰੁਜ਼ਗਾਰ ਬੀਮੇ ਦੇ ਲਾਭ, ਪ੍ਰਾਂਤ ਦੇ ਮਾਂ ਬਣਨ ਜਾਂ ਪਿਤਾ ਬਣਨ 'ਤੇ ਮਿਲਣ ਵਾਲੇ ਲਾਭ, ਜਾਂ ਕੋਈ ਹੋਰ ਤਨਖਾਹ-ਸਮੇਤ ਛੁੱਟੀ ਲੈ ਰਹੇ ਹੋ।

**ਇੱਕ ਵਾਰ ਜਦ ਮੈਨੂੰ ਮੇਰਾ ਪਹਿਲਾ ਭੁਗਤਾਨ ਮਿਲ ਜਾਂਦਾ ਹੈ, ਤਾਂ ਕੀ ਮੈਂ ਇਹ ਮੰਨ ਕੇ ਚੱਲ ਸਕਦਾ/ਦੀ ਹਾਂ ਕਿ ਮੈਨੂੰ ਬਿਨਾਂ ਕੁਝ ਕਰਨ ਦੇ ਮੇਰੇ ਅਗਲੇ ਭੁਗਤਾਨ ਮਿਲਣੇ ਜਾਰੀ ਰਹਿਣਗੇ?**

ਨਹੀਂ, ਭੁਗਤਾਨਾਂ ਦਾ ਨਵਿਆਉਣ (renewal) ਸਵੈਚਲਿਤ ਨਹੀਂ ਹੋਵੇਗਾ।

ਯੋਗਤਾ ਦੀ ਹਰ ਮਿਆਦ ਵਾਸਤੇ ਇੱਕ ਨਵੀਂ ਅਰਜ਼ੀ ਦੇਣੀ ਲਾਜ਼ਮੀ ਹੈ ਕਿਉਂਕਿ ਤੁਹਾਨੂੰ ਇਹ ਤਸਦੀਕ ਕਰਨ ਦੀ ਲੋੜ ਹੈ ਕਿ ਤੁਸੀਂ ਕੰਮ ਕਰਨ ਦੇ ਅਯੋਗ ਸੀ।

**ਤੁਸੀਂ ਮੇਰੇ ਟੈਕਸ ਰੇਟ ਬਾਰੇ ਫੈਸਲਾ ਕਿਵੇਂ ਕਰੋਂਗੇ?**

ਕੈਨੇਡਾ ਰੈਵੇਨਿਊ ਏਜੰਸੀ, ਰਿਕਵਰੀ ਬੈਨੀਫਿਟਸ ਵਾਸਤੇ ਸਰੋਤ ਉੱਤੇ 10% ਦੀ ਇੱਕ-ਸਮਾਨ ਕਟੌਤੀ ਕਰੇਗੀ।

**ਮੈਨੂੰ ਕਿਵੇਂ ਪਤਾ ਚੱਲੇਗਾ ਕਿ ਕੀ ਮੈਂ EI ਲਾਭਾਂ ਵਾਸਤੇ ਅਰਜ਼ੀ ਦੇਣੀ ਹੈ ਜਾਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ?**

ਜੇ ਤੁਸੀਂ ਇੱਕ ਕਰਮਚਾਰੀ ਵਜੋਂ EI ਦੇ ਪ੍ਰੀਮੀਅਮ ਅਦਾ ਕੀਤੇ ਹਨ ਅਤੇ ਤੁਹਾਡੇ ਕੋਲ ਘੱਟੋ-ਘੱਟ 120 ਘੰਟਿਆਂ ਦਾ ਬੀਮਾਯੋਗ ਰੁਜ਼ਗਾਰ ਹੈ, ਤਾਂ ਸੰਭਾਵਨਾ ਹੈ ਕਿ ਤੁਸੀਂ ਰੁਜ਼ਗਾਰ ਬੀਮਾ ਲਾਭਾਂ ਵਾਸਤੇ ਯੋਗ ਹੋ ਅਤੇ ਤੁਹਾਨੂੰ ਅਰਜ਼ੀ ਦੇਣੀ ਚਾਹੀਦੀ ਹੈ।

ਜੇ ਤੁਹਾਡੇ ਕੋਲ ਘੰਟਿਆਂ ਦੀ ਨਿਊਨਤਮ ਸੰਖਿਆ ਨਹੀਂ ਹੈ, ਤਾਂ ਹੋ ਸਕਦਾ ਹੈ ਤੁਸੀਂ ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰਨ ਦੇ ਯੋਗ ਹੋਵੋਂ, ਜੇ ਤੁਸੀਂ ਯੋਗਤਾ ਦੀਆਂ ਕਸੌਟੀਆਂ ਪੂਰੀਆਂ ਕਰਦੇ ਹੋ।

**ਮੈਂ ਕਿੰਨੇ ਹਫਤਿਆਂ ਵਾਸਤੇ ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰ ਸਕਦਾ/ਦੀ ਹਾਂ?**

ਕੈਨੇਡਾ ਰਿਕਵਰੀ ਬੈਨੀਫਿਟ 27 ਸਤੰਬਰ, 2020 ਅਤੇ 25 ਸਤੰਬਰ, 2021 ਵਿਚਕਾਰ 26 ਹਫਤਿਆਂ ਤੱਕ ਲਈਉਪਲਬਧ ਹੈ।

**ਜੂਨ ਦੇ ਅੰਤ ਤੱਕ ਮੈਨੂੰ ਕੈਨੇਡਾ ਐਮਰਜੈਂਸੀ ਰਿਸਪੌਂਸ ਬੈਨੀਫਿਟ (Canada Emergency Response Benefit) ਮਿਲ ਰਿਹਾ ਸੀ ਅਤੇ ਫੇਰ ਮੈਨੂੰ ਰੁਜ਼ਗਾਰ ਮਿਲ ਗਿਆ ਪਰ, ਰੁਜ਼ਗਾਰ 'ਤੇ ਹੋਣ ਦੌਰਾਨ, ਮੈਨੂੰ ਮੇਰੇ ਰੁਜ਼ਗਾਰਦਾਤਾ ਵੱਲੋਂ ਘੱਟ ਘੰਟਿਆਂ ਲਈਕੰਮ ਕਰਨ ਵਾਸਤੇ ਕਿਹਾ ਜਾ ਰਿਹਾ ਹੈ। ਕੀ ਮੈਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਯੋਗ ਹਾਂ?**

ਤੁਸੀਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਯੋਗ ਹੋ ਸਕਦੇ ਹੋ ਜੇ COVID-19 ਕਰਕੇ ਤੁਹਾਡੀ ਆਮਦਨ ਵਿੱਚ 50% ਜਾਂ ਇਸ ਤੋਂ ਜ਼ਿਆਦਾ ਕਮੀ ਆਗਈ ਹੈ, ਅਤੇ ਤੁਸੀਂ ਯੋਗਤਾ ਦੀਆਂ ਹੋਰ ਸਾਰੀਆਂ ਕਸੌਟੀਆਂ ਪੂਰੀਆਂ ਕਰਦੇ ਹੋ।

**COVID ਤੋਂ ਪਹਿਲਾਂ ਦੇ ਸਮੇਂ ਦੀ ਤੁਲਨਾ ਵਿੱਚ, ਆਮਦਨਵਿੱਚ ਕਮੀ ਕਿਸਨੂੰ ਗਿਣਿਆ ਜਾਂਦਾ ਹੈ? ਕੀ $1 ਦੀ ਕਮੀ ਗਿਣੀ ਜਾਂਦੀ ਹੈ?**

ਕੰਮ ਕਰਦੇ ਹੋਣ ਦੌਰਾਨ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਯੋਗ ਹੋਣ ਲਈ, ਇਹ ਲਾਜ਼ਮੀ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਦੇ ਪੱਧਰਾਂ ਦੇ ਮੁਕਾਬਲੇ ਤੁਹਾਡੀ ਔਸਤ ਹਫਤਾਵਾਰੀ ਆਮਦਨ ਵਿੱਚ ਘੱਟੋ ਘੱਟ 50% ਦੀ ਕਮੀ ਆਈਹੋਵੇ।

ਆਮਦਨ ਵਿੱਚ ਕਮੀ ਨੂੰ ਪਿਛਲੇ ਸਾਲ ਦੋ-ਹਫਤੇ ਦੀ ਮਿਆਦ ਵਾਸਤੇ ਤੁਹਾਡੀ ਔਸਤ ਰੁਜ਼ਗਾਰ ਆਮਦਨ ਦੀ ਤੁਲਨਾ ਵਿੱਚ ਤੁਹਾਡੀ ਦੋ-ਹਫਤੇ ਦੀ ਲਾਭ ਮਿਆਦ ਲਈ ਕੁੱਲ ਔਸਤ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਤੋਂ ਹੋਈ ਆਮਦਨ ਵਿੱਚ ਆਈਕਮੀ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ।

ਔਸਤ ਆਮਦਨ ਵਿੱਚ ਤੁਹਾਡੀ ਕਮੀ ਦੀ ਗਣਨਾ ਕਰਨ ਲਈ, ਤੁਹਾਡੇ ਕੋਲੋਂ ਆਪਣੇ ਹੇਠ ਲਿਖੇ ਅੰਕੜਿਆਂ ਦੀ ਵਰਤੋਂ ਕਰਨ ਦੀ ਉਮੀਦ ਕੀਤੀ ਜਾਵੇਗੀ:

- 2019 ਵਾਸਤੇ ਜਾਂ ਤੁਹਾਡੀ ਅਰਜ਼ੀ ਤੋਂ ਪਹਿਲਾਂ ਦੇ 12-ਮਹੀਨੇ ਦੀ ਮਿਆਦ ਲਈ ਸਾਲਾਨਾ ਸ਼ੁੱਧ ਆਮਦਨ (ਜੇ ਤੁਸੀਂ 2020 ਵਿੱਚ ਅਰਜ਼ੀ ਦੇ ਰਹੇ ਹੋ), ਜਾਂ;
- 2019, ਜਾਂ 2020 ਵਿੱਚ ਜਾਂ ਤੁਹਾਡੀ ਅਰਜ਼ੀ ਤੋਂ ਪਹਿਲਾਂ ਦੇ 12-ਮਹੀਨੇ ਦੀ ਮਿਆਦ ਲਈ ਸਾਲਾਨਾ ਸ਼ੁੱਧ ਆਮਦਨ (ਜੇ ਤੁਸੀਂ 2021 ਵਿੱਚ ਅਰਜ਼ੀ ਦੇ ਰਹੇ ਹੋ)

ਫੇਰ ਇਸਨੂੰ 26 ਨਾਲ ਭਾਗ ਕਰ ਦਿਓ ਤਾਂ ਜੋ ਦੋ-ਹਫਤੇ ਦੀ ਮਿਆਦ ਵਾਸਤੇ ਤੁਹਾਡੀ ਔਸਤ ਕਮਾਈ ਦਾ ਪਤਾ ਲਾਇਆ ਜਾ ਸਕੇ।

ਉਦਾਹਰਨ ਲਈ, 2019 ਵਿੱਚ ਡੇਬੋਰਾਹ ਦੀ ਸ਼ੁੱਧ ਆਮਦਨ $39,000 ਸੀ। ਮਹਾਂਮਾਰੀ ਤੋਂ ਪਹਿਲਾਂ ਕਿਸੇ ਦੋ-ਹਫਤੇ ਦੀ ਮਿਆਦ ਵਾਸਤੇ ਆਪਣੀ ਔਸਤ ਕਮਾਈ ਪਤਾ ਕਰਨ ਲਈ, ਡੇਬੋਰਾਹ ਇਸ ਰਕਮ ਨੂੰ 26 ਨਾਲ ਭਾਗ ਕਰਦੀ ਹੈ, ਜਿਸ ਦਾ ਉੱਤਰ $1,500 ਆਉਂਦਾ ਹੈ। ਕਿਉਂਕਿ ਡੇਬੋਰਾਹ ਵਰਤਮਾਨ ਸਮੇਂ ਹਰ ਦੋ ਹਫਤਿਆਂ ਵਿੱਚ $700 ਹੀ ਕਮਾ ਰਹੀ ਹੈ, ਇਸ ਲਈ ਉਸਦੀ ਆਮਦਨ ਵਿੱਚ 50% ਤੋਂ ਵੱਧ ਦੀ ਕਮੀ ਆਗਈਹੈ, ਅਤੇ ਉਹ ਕੈਨੇਡਾ ਰਿਕਵਰੀ ਬੈਨੀਫਿਟ ਦਾ ਦਾਅਵਾ ਕਰਨ ਦੇ ਯੋਗ ਹੈ।

## ਮੈਂ ਇੱਕ ਮੌਸਮੀ ਕਾਮਾ (seasonal worker) ਹਾਂ, ਪਰ ਮਹਾਂਮਾਰੀ ਦੇ ਕਰਕੇ ਮੈਂ ਆਪਣੇ ਰਵਾਇਤੀ ਘੰਟਿਆਂ ਜਿੰਨਾ ਕੰਮ ਕਰਨ ਦੇ ਅਯੋਗ ਸੀ, ਇਸ ਲਈ ਮੈਂ EI ਵਾਸਤੇ ਯੋਗਤਾ ਪੂਰੀ ਨਹੀਂ ਕਰਦਾ/ਦੀ। ਕੀ ਮੈਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਯੋਗ ਹਾਂ?

ਜੇ ਤੁਸੀਂ ਰੁਜ਼ਗਾਰ ਬੀਮੇ ਵਾਸਤੇ ਯੋਗ ਨਹੀਂ ਹੋ ਪਰ COVID-19 ਦੇ ਕਰਕੇ ਕੰਮ ਕਰਨ ਦੇ ਅਯੋਗ ਹੋ ਜਾਂ ਘੱਟ ਘੰਟਿਆਂ ਲਈ ਕੰਮ ਕਰ ਰਹੇ ਹੋ, ਤਾਂ ਤੁਸੀਂ ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰਨ ਲਈ ਯੋਗ ਹੋ ਸਕਦੇ ਹੋ, ਜਦੋਂ ਤੱਕ ਤੁਸੀਂ ਯੋਗਤਾ ਦੀਆਂ ਹੋਰ ਕਸੌਟੀਆਂ ਦੀ ਪੂਰਤੀ ਕਰਦੇ ਹੋ।

ਇਸ ਵਿੱਚ ਪਿਛਲੇ ਕੈਲੰਡਰ ਸਾਲ ਜਾਂ ਕੈਨੇਡਾ ਰਿਕਵਰੀ ਬੈਨੀਫਿਟ ਲਈ ਤੁਹਾਡੀ ਪਹਿਲੀ ਅਰਜ਼ੀ ਤੋਂ ਪਹਿਲਾਂ ਦੇ 12 ਮਹੀਨਿਆਂ ਵਿੱਚ ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਤੋਂ ਘੱਟੋ-ਘੱਟ $5,000 ਦੀ ਕਮਾਈ ਕੀਤੀ ਹੋਣੀ ਵੀ ਸ਼ਾਮਲ ਹੈ। COVID-19 ਦੇ ਕਰਕੇ ਤੁਹਾਡਾ ਕੰਮ ਕਰਨ ਦੇ ਅਯੋਗ ਹੋਣਾ ਜਾਂ ਇਸਦੇ ਕਰਕੇ ਤੁਹਾਡੀ ਆਮਦਨ ਵਿੱਚ 50% ਜਾਂ ਇਸ ਤੋਂ ਵਧੇਰੇ ਕਮੀ ਆਈ ਹੋਣਾ ਵੀ ਲਾਜ਼ਮੀ ਹੈ।

**2019 ਵਿੱਚ ਮੈਂ ਕਿਰਤੀ ਬਲਾਂ ਵਿੱਚ ਲੇਟ ਦਾਖਲ ਹੋਇਆ/ਹੋਈ ਸੀ ਇਸ ਲਈ ਮੈਂ $5,000 ਕਮਾਉਣ ਦੇ ਅਯੋਗ ਸੀ, ਪਰ ਜੇ COVID ਦੇ ਕਰਕੇ ਮੇਰੀ ਨੌਕਰੀ ਨਾ ਚਲੀ ਗਈ ਹੁੰਦੀ ਤਾਂ 2020 ਵਿੱਚ ਮੈਂ ਏਨੀ ਕਮਾਈ ਕਰਨ ਦੇ ਯੋਗ ਹੋ ਜਾਣਾ ਸੀ। ਕੀ ਮੈਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਯੋਗਤਾ ਪੂਰੀ ਕਰਦਾ/ਦੀ ਹਾਂ?**

ਨਹੀਂ।

ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰਨ ਦੇ ਯੋਗ ਹੋਣ ਲਈ, 2019 ਵਿੱਚ ਜਾਂ 2020 ਵਿੱਚ, ਜਾਂ CRB ਵਾਸਤੇ ਤੁਹਾਡੀ ਪਹਿਲੀ ਅਰਜ਼ੀ ਤੋਂ ਪਹਿਲਾਂ ਦੇ 12-ਮਹੀਨੇ ਦੀ ਮਿਆਦ ਵਾਸਤੇ ਤੁਹਾਡੀ ਰੁਜ਼ਗਾਰ ਅਤੇ/ਜਾਂ ਸਵੈ-ਰੁਜ਼ਗਾਰ ਤੋਂ ਘੱਟੋ-ਘੱਟ $5,000 ਦੀ ਆਮਦਨ ਹੋਣਾ ਲਾਜ਼ਮੀ ਹੈ।

**ਜੇ ਮੈਨੂੰ ਪਹਿਲਾਂ ਕੀਤੇ ਗਏ ਕੰਮ ਲਈ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਅਰਜ਼ੀ ਦੇਣ ਤੋਂ ਬਾਅਦ ਆਮਦਨ ਦਾ ਭੁਗਤਾਨ ਕੀਤਾ ਜਾਂਦਾ ਹੈ, ਤਾਂ ਕੀ ਇਸ ਨਾਲ ਮੇਰੀ ਲਾਭ ਪ੍ਰਾਪਤ ਕਰਨ ਦੀ ਯੋਗਤਾ 'ਤੇ ਅਸਰ ਪੈਂਦਾ ਹੈ?**

ਤੁਸੀਂ ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰਨ ਦੌਰਾਨ ਰੁਜ਼ਗਾਰ ਅਤੇ/ਜਾਂ ਸਵੈ-ਰੁਜ਼ਗਾਰ ਤੋਂ ਆਮਦਨ ਕਮਾ ਸਕਦੇ ਹੋ, ਜਦ ਤੱਕ ਕਿ ਤੁਸੀਂ ਹੋਰ ਲੋੜਾਂ ਦੀ ਪੂਰਤੀ ਕਰਨਾ ਜਾਰੀ ਰੱਖਦੇ ਹੋ। ਇਸ ਵਿੱਚ COVID-19 ਦੇ ਕਰਕੇ ਕਿਸੇ ਵੀ ਦੋ-ਹਫਤੇ ਦੀ ਮਿਆਦ ਵਾਸਤੇ ਤੁਹਾਡੀ ਪਿਛਲੀ ਆਮਦਨ ਨਾਲੋਂ 50% ਜਾਂ ਘੱਟ ਕਮਾਈ ਹੋਣਾ ਵੀ ਸ਼ਾਮਲ ਹੈ।

ਹਾਲਾਂਕਿ, ਸਾਲ ਵਾਸਤੇ $38,000 ਤੋਂ ਉੱਪਰ ਦੀ ਸ਼ੁੱਧ ਆਮਦਨ (ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਪ੍ਰਾਪਤ ਹੋਈ ਰਕਮ ਤੋਂ ਇਲਾਵਾ) ਦੇ ਹਰ ਡਾਲਰ ਵਾਸਤੇ ਤੁਹਾਨੂੰ ਲਾਭ ਦਾ $0.50 ਡਾਲਰ ਵਾਪਸ

ਕਰਨ ਦੀ ਲੋੜ ਪਵੇਗੀ। ਇਸ ਵਿੱਚ ਉਹ ਰਕਮਾਂ ਵੀ ਸ਼ਾਮਲ ਹੋਣਗੀਆਂ ਜੋ ਤੁਸੀਂ ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਅਰਜ਼ੀ ਦੇਣ ਤੋਂ ਪਹਿਲਾਂ ਵਾਲੇ ਸਾਲ ਵਿੱਚ ਕਮਾਈਆਂ ਸੀ।

**ਭੁਗਤਾਨ-ਵਾਪਸੀ ਦੀ ਲੋੜ ਦੇ ਤਹਿਤ ਆਉਣ ਤੋਂ ਪਹਿਲਾਂ, $38,000 ਦੀ ਉਹ ਸ਼ੁੱਧ ਆਮਦਨ ਕੀ ਹੈ ਜੋ ਮੈਨੂੰ ਕਮਾਉਣ ਦੀ ਆਗਿਆ ਹੈ?**

ਭੁਗਤਾਨ-ਵਾਪਸੀ ਦੀ ਵਿਵਸਥਾ ਦੇ ਤਹਿਤ ਆਉਣ ਤੋਂ ਪਹਿਲਾਂ, ਤੁਹਾਨੂੰ $38,000 ਤੱਕ ਦੀ ਸ਼ੁੱਧ ਆਮਦਨ ਕਮਾਉਣ ਦੀ ਆਗਿਆ ਹੈ (ਕੈਨੇਡਾ ਰਿਕਵਰੀ ਬੈਨੀਫਿਟ ਵਾਸਤੇ ਪ੍ਰਾਪਤ ਕੀਤੀ ਰਕਮ ਤੋਂ ਇਲਾਵਾ)।

**ਜੇ ਟੈਕਸ ਸਾਲ ਵਿੱਚ ਮੇਰੀ ਸ਼ੁੱਧ ਆਮਦਨ $38,000 ਤੋਂ ਵਧੇਰੇ ਹੈ ਤਾਂ ਕੀ ਵਾਪਰਦਾ ਹੈ? ਕੈਨੇਡਾ ਰਿਕਵਰੀ ਬੈਨੀਫਿਟਸ ਦੀ ਭੁਗਤਾਨ-ਵਾਪਸੀ (clawback) ਕਿਵੇਂ ਵਾਪਰੇਗੀ?**

ਜੋ ਵਿਅਕਤੀ ਕੈਨੇਡਾ ਰਿਕਵਰੀ ਬੈਨੀਫਿਟ ਪ੍ਰਾਪਤ ਕਰਦੇ ਹਨ, ਉਹਨਾਂ ਨੂੰ ਆਪਣੇ ਲਾਭ ਦਾ ਕੁਝ ਜਾਂ ਪੂਰਾ ਭਾਗ ਆਪਣੀ ਆਮਦਨ ਟੈਕਸ ਰਿਟਰਨ ਰਾਹੀਂ ਵਾਪਸ ਮੋੜਨਾ ਪਵੇਗਾ ਜੇ ਕੈਨੇਡਾ ਰਿਕਵਰੀ ਬੈਨੀਫਿਟ ਭੁਗਤਾਨ ਤੋਂ ਇਲਾਵਾ, ਉਹਨਾਂ ਦੀ ਸਾਲਾਨਾ ਸ਼ੁੱਧ ਆਮਦਨ $38,000 ਤੋਂ ਵੱਧ ਹੈ। ਦੂਜੇ ਸ਼ਬਦਾਂ ਵਿੱਚ, ਤੁਹਾਨੂੰ ਕੈਲੰਡਰ ਸਾਲ ਵਿੱਚ $38,000 ਤੋਂ ਉੱਪਰ ਦੀ ਸਾਲਾਨਾ ਸ਼ੁੱਧ ਆਮਦਨ ਦੇ ਹਰ ਡਾਲਰ ਵਾਸਤੇ ਲਾਭ ਦਾ $0.50 ਵਾਪਸ ਮੋੜਨ ਦੀ ਲੋੜ ਪਵੇਗੀ, ਇਹ ਰਕਮ ਵੱਧ ਤੋਂ ਵੱਧ ਤੁਹਾਡੇ ਵੱਲੋਂ ਪ੍ਰਾਪਤ ਕੀਤੇ ਲਾਭ ਦੀ ਰਕਮ ਤੱਕ ਹੋ ਸਕਦੀ ਹੈ।

ਇਸਦਾ ਹਿਸਾਬ-ਕਿਤਾਬ ਉਸ ਸਮੇਂ ਕੀਤਾ ਜਾਵੇਗਾ ਜਦ ਤੁਸੀਂ ਉਸ ਕੈਲੰਡਰ ਸਾਲ ਵਾਸਤੇ ਆਪਣੀ ਟੈਕਸ ਰਿਟਰਨ ਦਾਇਰ ਕਰਦੇ ਹੋ।